## ਪੰਜਾਬ ਵਿਧਾਨ ਸਭਾ ਸਕੱਤਰੇਤ

ਮੰਗਲਵਾਰ, ਮਿਤੀ 06 ਅਗਸਤ, 2019 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

### ਜਗਰਾਓਂ-ਰਾਏਕੋਟ ਰੋਡ ਦੇ ਨਗਰ ਕੌਂਸਲ ਅਧੀਨ ਆਉਂਦੇ ਹਿੱਸੇ ਦੀ ਮੁਰੰਮਤ ਤੇ ਆਏ ਖਰਚੇ ਸਬੰਧੀ

***2114. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:**- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2016 ਤੋਂ 2019 ਤੱਕ ਜਗਰਾਓਂ-ਰਾਏ ਕੋਟ ਰੋਡ ਜੋ ਕਿ ਨਗਰ ਕੌਂਸਲ ਦੇ ਅਧੀਨ ਹੈ, ਦੀ ਮੁਰੰਮਤ ਕਰਨ ਅਤੇ ਬਣਾਉਣ ਤੇ ਕੁੱਲ ਕਿੰਨਾ ਖਰਚਾ ਹੋਇਆ ਹੈ ਅਤੇ ਇਸ ਰੋਡ ਦਾ ਕੰਮ ਕਦੋਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ?

### ਸ਼ਗਨ ਸਕੀਮ ਦੇ ਪੈਂਡਿੰਗ ਪਏ ਕੇਸਾਂ ਦੀ ਗਿਣਤੀ

***2352. ਸ਼੍ਰੀ ਅੰਗਦ ਸਿੰਘ, ਐਮ.ਐਲ.ਏ.:**- ਕੀ ਸਮਾਜਿਕ ਨਿਆਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਨਵਾਂਸ਼ਹਿਰ ਦੇ ਸ਼ਗਨ ਸਕੀਮ ਅਧੀਨ 2012 ਤੋਂ ਪੈਂਡਿੰਗ ਪਏ ਕੇਸਾਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਕੇਸਾਂ ਵਿਚ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

### ਜਿਲ੍ਹਾ ਫਾਜ਼ਿਲਕਾ ਦੀ ਸਰਕਾਰੀ ਗਊਸ਼ਾਲਾ ਵਿੱਚ ਪਸ਼ੂ ਰੱਖਣ ਦੀ ਸਮੱਰਥਾ ਸਬੰਧੀ

***2304. ਸ਼੍ਰੀ. ਅਰੁਣ ਨਾਰੰਗ, ਐਮ.ਐਲ.ਏ.:**- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜ਼ਿਲ੍ਹਾ ਫ਼ਾਜ਼ਿਲਕਾ ਦੇ ਪਿੰਡ ਸਲੇਮਸ਼ਾਹ ਦੀ 15 ਏਕੜ ਜ਼ਮੀਨ ਵਿੱਚ ਬਣੀ ਅਵਾਰਾ ਗਊਆਂ ਲਈ ਸਰਕਾਰੀ ਗਊਸ਼ਾਲਾ ਵਿੱਚ ਕੁੱਲ ਕਿੰਨੇ ਅਜਿਹੇ ਪਸ਼ੂ ਰੱਖਣ ਦੀ ਸਮਰੱਥਾ ਹੈ ਅਤੇ ਸਾਲ 2017-18, 2018-19 ਦੌਰਾਨ ਇਸ ਗਊਸ਼ਾਲਾ ਵਿੱਚ ਕਿੰਨੇ ਪਸ਼ੂ ਰੱਖੇ ਗਏ ਸਨ ਅਤੇ ਇਸ ਮੰਤਵ ਲਈ ਕਿੰਨਾਂ ਖਰਚਾ ਕੀਤਾ ਗਿਆ ਹੈ;

ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਗਊਸ਼ਾਲਾ ਵਿੱਚ ਅਬੋਹਰ ਸ਼ਹਿਰ ਅੰਦਰ ਵੱਡੀ ਗਿਣਤੀ ਵਿੱਚ ਅਵਾਰਾ ਫ਼ਿਰ ਰਹੇ ਹੋਰ ਪਸ਼ੂਆਂ ਨੂੰ ਰੱਖਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

### ਹਲਕਾ ਬਲਾਚੌਰ ਵਿੱਚ ਆਈ.ਟੀ.ਆਈ ਸਥਾਪਿਤ ਕਰਨਾ

***2266. ਸ਼੍ਰੀ. ਦਰਸ਼ਨ ਲਾਲ, ਐਮ.ਐਲ.ਏ.:**- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਲਾਚੌਰ ਵਿੱਚ ਅਜੇ ਤੱਕ ਕੋਈ ਆਈ.ਟੀ.ਆਈ. ਸਥਾਪਿਤ ਨਹੀਂ ਕੀਤਾ ਗਿਆ ਹੈ ਅਤੇ ਕੀ ਇਸ ਦੀ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਇਸ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ?

### ਇਲੈਕਟ੍ਰਿਕ ਮੋਟਰ ਗੱਡੀਆਂ ਬਾਰੇ

***2143. ਸਰਦਾਰ ਕੰਵਰ ਸੰਧੂ, ਐਮ.ਐਲ.ਏ.:**- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜਦੋਂ ਕਿ ਆਟੋਮੋਬਾਇਲ ਮਾਰਕਿਟ (ਸੰਭਾਵਿਤ ਤੌਰ ਤੇ 2025-30 ਤੱਕ) ਵਿਸ਼ਵ ਪੱਧਰ ਤੇ ਅਤੇ ਦੇਸ਼ ਵਿਚ ਇਲੈਕਟ੍ਰਿਕ ਮੋਟਰ ਗੱਡੀਆਂ ਲਿਆ ਰਹੀ ਹੈ ਤਾਂ ਪੰਜਾਬ ਦੇ ਲੋਕ ਇਸ ਸਬੰਧੀ ਪਛੜ ਨਾ ਜਾਣ ਨੂੰ ਯਕੀਨੀ ਬਣਾਉਣ ਲਈ ਰਾਜ ਸਰਕਾਰ ਕੀ ਕਦਮ ਚੁੱਕ ਰਹੀ ਹੈ;

ਅ) ਪੰਜਾਬ ਵਿਚ ਇਲੈਕਟ੍ਰਿਕ ਗੱਡੀਆਂ ਲਈ ਅਧਾਰ ਸਥਾਪਿਤ ਕਰਨ ਅਤੇ ਲੋੜੀਂਦੀਆਂ ਲੀਥੀਅਮ ਬੈਟਰੀਆਂ ਦੇ ਉਤਪਾਦਨ ਲਈ ਅਤੇ ਸਾਰੇ ਰਾਜ ਵਿਚ ਪੈਟਰੋਲ/ਡੀਜਲ ਸਟੇਸ਼ਨਾਂ ਦੀ ਤਰਜ ਤੇ ਲੋੜੀਂਦੇ ਈ.ਵੀ. ਚਾਰਜਿੰਗ ਸਟੇਸ਼ਨ ਸਥਾਪਿਤ ਕਰਨ ਲਈ ਕਾਰ ਕੰਪਨੀਆਂ ਨੂੰ ਆਕਰਸ਼ਿਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

### ਡਰੇਨਾਂ ਦੀ ਸਫਾਈ ਕਰਵਾਉਣਾ

***2214. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:**- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਨਿਮਨ ਲਿਖਤ ਡਰੇਨਾਂ, ਜਿਨਾਂ ਦੀ ਸਫਾਈ ਦਾ ਕੰਮ ਪਿਛਲੇ ਲੰਬੇ ਸਮੇਂ ਤੋਂ ਕਰਨਾ ਬਣਦਾ ਹੈ, ਦੀ ਸਫਾਈ ਭਵਿੱਖ ਵਿੱਚ ਪਹਿਲਤਾ ਦੇ ਅਧਾਰ ਤੇ ਕਰਨ ਦੀ ਕੀ ਯੋਜਨਾ ਹੈ;

(1) ਅਮਰਗੜ੍ਹ ਹਲਕੇ ਦੇ ਪਿੰਡ ਝੱਲ ਦੇ ਨਾਲ ਲੰਘਦੀ ਬਹਾਦੁਰ ਸਿੰਘ ਡਰੇਨ;
(2) ਅਮਰਗੜ੍ਹ ਹਲਕੇ ਦੇ ਅਮਰਗੜ੍ਹ ਨਾਭਾ ਰੋਡ ਦੇ ਨਾਲ ਲੰਘਦੀ ਭਗਵਾਨ ਪੁਰਾ ਲਿੰਕ ਰੋਡ ਡਰੇਨ;
(3) ਦਿੜਬਾ ਹਲਕੇ ਵਿੱਚ ਐਲ-1 ਡਰੇਨ ਜ਼ੋ ਬਾਬਾ ਬਰਸਿਆਣਾ ਗੁਰਦੁਆਰਾ ਸਾਹਿਬ ਦੇ ਨਾਲ ਵਹਿੰਦੀ ਹੈ;
(4) ਦਿੜਬਾ ਹਲਕੇ ਦੇ ਪਿੰਡ ਤੂਰ ਬਣਜਾਰਾ ਦੇ ਨਾਲ ਵਹਿੰਦੀ ਐਲ-2 ਡਰੇਨ ਅਤੇ
(5) ਪਾਤੜਾਂ ਸੜਕ (ਦਿੜਬਾ) ਦੇ ਨਾਲ ਵਹਿੰਦੀ ਲਹਿਰਾਗਾਗਾ ਡਰੇਨ?

### ਸਬ-ਤਹਿਸੀਲ ਘਨੌਰ ਨੂੰ ਤਹਿਸੀਲ ਦਾ ਦਰਜਾ ਦੇਣਾ

***2273. ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.:**- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ ਤਹਿਸੀਲ ਘਨੌਰ ਨੂੰ ਤਹਿਸੀਲ ਦਾ ਦਰਜਾ ਕਦੋਂ ਤੱਕ ਦੇ ਦਿੱਤਾ ਜਾਵੇਗਾ?

### ਸਿਵਲ ਹਸਪਤਾਲ ਮਲੌਦ ਵਿਖੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਕਮੀ ਪੂਰੀ ਕਰਨਾ

***2168. ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ.:**- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਹਲਕਾ ਪਾਇਲ ਵਿੱਚ ਪੈਂਦੇ ਸਿਵਲ ਹਸਪਤਾਲ, ਮਲੌਦ ਵਿਖੇ ਡਾਕਟਰਾਂ ਅਤੇ ਹੋਰ ਪੈਰਾ ਮੈਡੀਕਲ ਸਟਾਫ ਦੀ ਕਮੀ ਨੂੰ ਦੂਰ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ?

### ਲਾਂਡਰਾਂ ਚੌਂਕ ਨੂੰ ਜਾਮ ਰਹਿਤ ਬਨਾਉਣਾ

***2218. ਸਰਦਾਰ ਗੁਰਪ੍ਰੀਤ ਸਿੰਘ ਜੀ.ਪੀ., ਐਮ.ਐਲ.ਏ.:**- ਕੀ ਲੋਕ ਨਿਰਮਾਣ ਵਿਭਾਗ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮੌਜੂਦਾ ਸਰਕਾਰ ਵਲੋਂ ਮੋਹਾਲੀ ਸਰਹਿੰਦ ਮਾਰਗ ਤੇ ਸਥਿਤ ਲਾਂਡਰਾਂ ਚੌਂਕ ਨੂੰ ਜਾਮ ਰਹਿਤ ਬਣਾਉਣ ਲਈ ਕੀ ਕਦਮ ਚੁੱਕੇ ਗਏ ਹਨ;

ਅ) ਇਸ ਸਬੰਧੀ ਸਰਕਾਰ ਦੁਆਰਾ ਕੀਤੇ ਗਏ ਕੰਮਕਾਰ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਰਾਹਗੀਰਾਂ ਲਈ ਨਿਰਵਿਘਨ ਆਵਾਜਾਈ ਨੂੰ ਕਦੋਂ ਤੱਕ ਯਕੀਨੀ ਬਣਾਏ ਜਾਣ ਦੀ ਸੰਭਾਵਨਾ ਹੈ?

### ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਇੰਡਸਟਰੀਜ਼ ਲਾਉਣਾ

***2344. ਸ਼੍ਰੀ ਦਲਬੀਰ ਸਿੰਘ ਗੋਲਡੀ, ਐਮ.ਐਲ.ਏ.:**- ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਵਿਧਾਨ ਸਭਾ ਹਲਕਾ ਧੂਰੀ ਵਿੱਚ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਸਰਕਾਰ ਕੋਈ ਇੰਡਸਟਰੀਅਲ ਫੋਕਲ ਪੁਆਇੰਟ ਬਣਾਉਣ ਲਈ ਕੋਈ ਯੋਗ ਉਪਰਾਲਾ ਕਰ ਰਹੀ ਹੈ;

ਅ) ਹਲਕਾ ਧੂਰੀ ਵਿੱਚ ਇੰਡਸਟਰੀਜ਼ ਲਈ ਕਈ ਪਿੰਡਾਂ ਕੋਲ ਪੰਚਾਇਤੀ ਜਮੀਨ ਹੈ ਅਤੇ ਉਹ ਇੰਡਸਟਰੀਜ਼ ਲਾਉਣ ਲਈ ਸਹਿਮਤ ਹਨ, ਨਾਲ ਹੀ ਨਹਿਰੀ ਪਾਣੀ ਅਤੇ ਵੱਡਾ ਰੇਲਵੇ ਜੰਕਸ਼ਨ ਹੈ ਜਿਸ ਦੇ ਮੱਦੇ ਨਜ਼ਰ ਕੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਕੋਈ ਉਦਯੋਗ ਸਥਾਪਤ ਕਰਨ ਲਈ ਯੋਗ ਉਪਰਾਲੇ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

ਪਰਤੋਂ ਜੀ.....

**ਝੋਨੇ ਦੀ ਲਵਾਈ ਲਈ ਬਿਜਲੀ ਦੇਣ ਸਬੰਧੀ**

*2134. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਝੋਨੇ ਦੀ ਲਵਾਈ ਦੀ ਤਰੀਕ ਨੂੰ ਅਗਾਂਊ ਕਰਨ ਦੇ ਮੱਦੇ ਨਜਰ ਕਿਸਾਨਾਂ ਨੂੰ ਪੂਰੀ ਬਿਜਲੀ 1 ਜੂਨ ਤੋਂ ਦਿੱਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਬਿਸਤ ਦੋਆਬ ਨਹਿਰ ਦਾ ਪ੍ਰੋਜੈਕਟ ਪੂਰਾ ਕਰਨਾ**

*2190. ਸ਼੍ਰੀ ਰਜਿੰਦਰ ਬੇਰੀ, ਐਮ.ਐਲ.ਏ.:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਿਸਤ ਦੁਆਬ ਨਹਿਰ ਤੋਂ ਜਲੰਧਰ ਸ਼ਹਿਰ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਜੋ ਪ੍ਰੋਜੈਕਟ ਬਣਾਇਆ ਗਿਆ ਸੀ, ਉਸਦਾ ਅੱਜ ਦੀ ਤਰੀਕ ਵਿੱਚ ਕੀ ਸਟੇਟਸ ਹੈ ਅਤੇ ਇਹ ਪ੍ਰੋਜੈਕਟ ਕਦੋਂ ਤੱਕ ਪੂਰੇ ਹੋਣ ਦੀ ਉਮੀਦ ਹੈ?

**ਵੈਟਨਰੀ ਹਸਪਤਾਲ, ਨੂਰਮਹਿਲ ਦੀ ਇਮਾਰਤ ਦੀ ਉਸਾਰੀ**

*2316. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ.:- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਪਸ਼ੂ ਚਿਕਿਤਸਾ ਹਸਪਤਾਲ, ਨੂਰਮਹਿਲ ਲਈ ਨਵੀਂ ਇਮਾਰਤ ਦੀ ਉਸਾਰੀ ਅਜੇ ਤੱਕ ਅਧੂਰੀ ਹੈ; ਜੇਕਰ ਅਜਿਹਾ ਹੋਵੇ ਤਾਂ ਇਮਾਰਤ ਦੀ ਓਸਾਰੀ ਕਦੋਂ ਤੱਕ ਹੋ ਜਾਵੇਗੀ ਅਤੇ ਨਵੀਂ ਇਮਾਰਤ ਵਿੱਚ ਹਸਪਤਾਲ ਕਦੋਂ ਤੱਕ ਚਾਲੂ ਹੋ ਜਾਵੇਗਾ?

**ਸਰਕਾਰ ਵੱਲੋਂ ਸੈਂਸਰ ਬੋਰਡ ਦਾ ਗਠਨ ਕਰਨਾ**

*2312. ਸਰਦਾਰ ਕੁਲਦੀਪ ਸਿੰਘ ਵੈਦ, ਐਮ.ਐਲ.ਏ.:- ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੁਝ ਪੰਜਾਬੀ ਗਾਇਕਾਂ ਵੱਲੋਂ ਆਪਣੇ ਗਾਣਿਆਂ ਰਾਹੀਂ ਨਿਭਾਈ ਜਾ ਰਹੀ ਨਾਕਾਰਾਤਮਕ ਭੂਮਿਕਾ ਕਾਰਨ ਪੰਜਾਬ ਵਿੱਚ ਵਧ ਰਹੇ ਨਸ਼ਿਆਂ ਦੇ ਰੁਝਾਨ, ਹਿੰਸਕ ਅਤੇ ਅਪਰਾਧਕ ਵਾਰਦਾਤਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਕੀ ਕਦਮ ਚੁੱਕੇ ਗਏ ਹਨ;

ਅ) ਅਜਿਹੀ ਨਾਕਾਰਾਤਮਕ ਭੂਮਿਕਾ ਨਿਭਾਉਣ ਵਾਲੇ ਗਾਇਕਾਂ, ਗੀਤਕਾਰਾਂ ਅਤੇ ਕੰਪਨੀਆਂ ਵਿਰੁੱਧ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ;

ੲ) ਕੀ ਅਜਿਹੇ ਗੀਤਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਸੈਂਸਰ ਬੋਰਡ ਦਾ ਗਠਨ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਸ ਦੇ ਕਦੋਂ ਤੱਕ ਗਠਿਤ ਹੋਣ ਦੀ ਸੰਭਾਵਨਾ ਹੈ?

**ਰੋਡਵੇਜ਼ ਦੀਆਂ ਬੱਸਾਂ ਦੇ ਰੂਟ**

*2212. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਫਿਰੋਜ਼ਪੁਰ- ਖੋਸਾ ਦੱਲ ਸਿੰਘ- ਹਰਦਾਸਾ- ਤਲਵੰਡੀ ਭਾਈ ਅਤੇ ਫਿਰੋਜ਼ਪੁਰ- ਮੱਲਾਂਵਾਲਾ- ਕਾਮਲਵਾਲਾ- ਫਤਹਿਗੜ੍ਹ ਸਭਰਾ-ਹਰੀਕੇ ਰੂਟ ਤੇ ਰੋਡਵੇਜ਼ ਦੀ ਕੋਈ ਬੱਸ ਚੱਲ ਰਹੀ ਹੈ, ਜੇਕਰ ਇਨ੍ਹਾਂ ਰੂਟਾਂ ਤੇ ਬੱਸ ਚਲ ਰਹੀ ਹੈ ਤਾਂ ਇਸਦੇ ਚੱਲਣ ਦਾ ਕੀ ਟਾਈਮ ਹੈ ਅਤੇ ਜੇਕਰ ਨਹੀਂ ਤਾਂ ਇਨ੍ਹਾਂ ਰੂਟਾਂ ਤੇ ਬੱਸਾਂ ਕਦੋਂ ਤੱਕ ਚਲਾ ਦਿੱਤੀਆਂ ਜਾਣਗੀਆਂ;

ਅ) ਜ਼ਿਲ੍ਹਾ ਫਿਰੋਜ਼ਪੁਰ ਦੇ ਕਿਹੜੇ-ਕਿਹੜੇ ਰੂਟਾਂ ਤੇ ਮਿੰਨੀ ਬੱਸਾਂ ਚੱਲ ਰਹੀਆਂ ਹਨ; ਜੇਕਰ ਨਹੀਂ ਚਲ ਰਹੀਆਂ ਤਾਂ ਇਹ ਕਦੋਂ ਤੱਕ ਚਲਾ ਦਿੱਤੀਆਂ ਜਾਣਗੀਆਂ ਅਤੇ ਪਿੰਡਾਂ ਵਿੱਚ ਮਿੰਨੀ ਬੱਸਾਂ ਦੇ ਨਵੇਂ ਰੂਟ ਦੇਣ ਦੀ ਕੀ ਪਾਲਿਸੀ ਹੈ?

**ਬਨੂੜ ਕੈਨਾਲ ਦਾ ਪਾਣੀ**

*2255. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਨੂੜ ਕੈਨਾਲ ਦਾ ਪਾਣੀ ਕਿਹੜੇ-ਕਿਹੜੇ ਖੇਤਰ ਨੂੰ ਸਿੰਚਾਈ ਲਈ ਦਿੱਤਾ ਜਾਵੇਗਾ ਅਤੇ ਬਨੂੜ ਨਹਿਰ ਵਿੱਚ ਕਿਹੜੇ ਦਰਿਆ ਦਾ ਪਾਣੀ ਪਾਇਆ ਜਾ ਰਿਹਾ ਹੈ?

**ਸਿਵਲ ਹਸਪਤਾਲ ਫਿਰੋਜ਼ਪੁਰ ਵਿੱਚ ਡਾਕਟਰਾਂ ਦੀ ਘਾਟ ਪੂਰੀ ਕਰਨਾ**

*2340. ਸਰਦਾਰ ਪਰਮਿੰਦਰ ਸਿੰਘ ਪਿੰਕੀ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ, ਫਿਰੋਜ਼ਪੁਰ ਵਿੱਚ ਡਾਕਟਰਾਂ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਆਸਾਮੀਆਂ ਹਨ ਅਤੇ ਖਾਲੀ ਪਈਆਂ ਆਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਸੜਕ ਦੀ ਮੁਰੰਮਤ ਕਰਨਾ**

*2309. ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਐਮ.ਐਲ.ਏ.:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਤੋਂ ਰਾਹੋਂ ਰੋਡ ਦੇ ਲੁਧਿਆਣਾ ਵਾਲੇ ਪਾਸੇ ਦੇ ਪਹਿਲੇ ਤਿੰਨ ਕਿਲੋਮੀਟਰ ਤੇ (ਲੁਧਿਆਣਾ ਚੂੰਗੀ ਦੀ ਹੱਦ ਖ਼ਤਮ ਹੋਣ ਤੋਂ ਲੈ ਕਿ ਪਿੰਡ ਮੇਹਰਬਾਨ ਦੀ ਹੱਦ ਤੱਕ) ਸੜਕ ਬਿਲਕੁਲ ਟੁੱਟੀ ਹੋਈ ਹੈ ਅਤੇ ਟ੍ਰੈਫਿਕ ਚੱਲਣ ਦੇ ਬਿਲਕੁੱਲ ਯੋਗ ਨਾ ਹੋਣ ਕਾਰਨ ਇਲਾਕੇ ਦੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਆਉਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਦੇ ਟੋਟੇ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਹਿੰਮਤਪੁਰ ਤੋਂ ਬਿਲਾਸਪੁਰ ਜਾਂਦੀ ਲਿੰਕ ਸੜਕ ਦੀ ਮੁਰੰਮਤ ਕਰਨਾ**

*2164. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਹਿੰਮਤਪੁਰ ਤੋਂ ਬਿਲਾਸਪੁਰ (ਜਿਲ੍ਹਾ ਮੋਗਾ) ਨੂੰ ਜਾਂਦੀ ਲਿੰਕ ਸੜਕ ਦੀ ਹਾਲਤ ਬਹੁਤ ਮਾੜੀ ਹੈ; ਜੇਕਰ ਅਜਿਹਾ ਹੈ ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਕਾਰੀ ਏਡਿਡ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੀ ਗਿਣਤੀ**

*2285. ਸ਼੍ਰੀ ਧਰਮਬੀਰ ਅਗਨੀਹੋਤਰੀ, ਐਮ.ਐਲ.ਏ.:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰੀ ਏਡਿਡ ਪ੍ਰਾਈਵੇਟ ਸਕੂਲਾਂ ਵਿੱਚ ਇਸ ਸਮੇਂ ਕੰਮ ਕਰਨ ਵਾਲੇ ਅਧਿਆਪਕਾਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਸਰਕਾਰ ਦੁਆਰਾ ਪ੍ਰਤੀ ਵਿੱਤੀ ਸਾਲ ਵਿੱਚ ਇਹਨਾਂ ਅਧਿਆਪਕਾਂ ਦੀਆਂ ਤਨਖਾਹਾਂ ਅਤੇ ਹੋਰ ਖਰਚਿਆਂ ਉੱਪਰ ਕਿੰਨੀ ਰਕਮ ਖਰਚੀ ਜਾਂਦੀ ਹੈ;

ੲ) ਕੀ ਸਰਕਾਰ ਉਪਰੋਕਤ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਸਰਕਾਰੀ ਸਕੂਲਾਂ ਵਿੱਚ ਪਈਆਂ ਖਾਲੀ ਅਸਾਮੀਆਂ ਤੇ ਭਰਨ ਹਿੱਤ ਤਬਦੀਲ ਕਰਨ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਇਹਨਾਂ ਦੇ ਵੇਰਵੇ ਕੀ ਹਨ?

ਚੰਡੀਗੜ੍ਹ
ਮਿਤੀ 04 ਅਗਸਤ, 2019

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।

ਸੁਪਰਡੈਂਟ
ਪੰਜਾਬ ਵਿਧਾਨ
ਚੰਡੀਗੜ੍ਹ